# ਮਨਮੋਹਨ ਦਾ ਕਾਵਿ-ਸੰਗ੍ਰਹਿ 'ਨੀਲਕੰਠ'

(ਸ਼ਬਦਾਂ ਤੋਂ ਪਾਰਲੇ ਅਰਥਾਂ ਨੂੰ ਤਲਾਸ਼ਦੀ ਕਵਿਤਾ)

ਡਾ. ਰਵਿੰਦਰ ਸਿੰਘ

ਡਾ. ਮਨਮੋਹਨ ਪੰਜਾਬੀ ਵਿਚ ਸੰਜੀਦਾ ਅਤੇ ਬੌਧਿਕ ਕਿਸਮ ਦੀ ਕਵਿਤਾ ਲਿਖਣ ਵਾਲਾ ਕਵੀ ਹੈ ਤੇ 'ਨੀਲਕੰਠ' ਉਸਦਾ ਨਵੇਕਲਾ ਕਾਵਿ ਸੰਗ੍ਰਹਿ ਹੈ। ਡਾ. ਮਨਮੋਹਨ ਦੀ ਕਵਿਤਾ ਜੀਵਨ ਦੇ ਬਿਲਕੁਲ ਵੱਖਰੇ ਜਿਹੇ ਦਾਰਸ਼ਨਿਕ ਅਹਿਸਾਸਾਂ ਨਾਲ ਆਪਣਾ ਰਿਸ਼ਤਾ ਜੋੜਦੀ ਹੈ। ਨੀਲਕੰਠ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਇਕ ਪ੍ਰੌੜ੍ਹ ਮਾਨਸਿਕਤਾ ਵਿਚ ਵਿਚਰ ਰਹੇ ਦਾਰਸ਼ਨਿਕ ਖਿਆਲਾਂ ਦੀ ਸਿਰਜਣਾ ਹੈ। ਮਨਮੋਹਨ ਦੀ ਕਵਿਤਾ ਜੀਵਨ ਦੇ ਮੂਲ ਅਰਥਾਂ ਦੀ ਅਰਥ ਸਿਰਜਣਾ, ਅਰਥਹੀਣਤਾ ਅਤੇ ਨਵੀਨ ਅਰਥਾਂ ਦੀ ਖੋਜ ਵੱਲ ਯਤਨਸ਼ੀਲ ਹੈ। ਸ਼ਬਦਾਂ ਦੇ ਪ੍ਰਾਪਤ ਅਤੇ ਸਥਾਪਤ ਅਰਥਾਂ ਦੇ ਪੱਖਪਾਤੀ ਸੁਭਾ ਤੋਂ ਨਿਰਾਸ਼ ਕਵੀ, ਸ਼ਬਦਾਂ ਦੇ ਪੁਨਰ ਅਰਥਾਂ ਦੀ ਤਾਂਘ ਕਰਦਾ ਵੀ ਜਾਪਦਾ ਹੈ। ਪਰ ਇਸ ਵਿਚਾਰ ਨੂੰ 'ਵਾਪਸੀ' ਕਵਿਤਾ ਵਿਚ ਬਹੁਤ ਹੀ ਨਿਵੇਕਲੇ ਤਰੀਕੇ ਨਾਲ ਪੇਸ਼ ਕਰਦਾ ਹੈ:

"ਦੂਸ਼ਿਤ ਸ਼ੱਕੀ ਮਾਹੌਲ 'ਚ
ਨਫ਼ਰਤ ਈਰਖਾ ਤੋਂ ਤ੍ਰਹਿੰਦੇ
ਸੈਆਂ ਵਰਤਾਰੇ ਮੁੜ ਗਏ ਮੂਲ ਵੱਲ ਆਪਣੇ"

ਇਹ ਇਕ ਅਜਿਹੀ ਸਥਿਤੀ ਵਲ ਇਸ਼ਾਰਾ ਹੈ ਜਿਸ ਵਿਚ ਹਰ ਸ਼ੈਅ ਆਪਣੇ ਮੂਲ, ਆਪਣੀ ਅਸਲ ਪਛਾਣ ਵੱਲ ਜਾਣ ਦੀ ਬੇਚੈਨੀ ਵਿਚ ਨਜ਼ਰ ਆਉਂਦੀ ਹੈ। ਅਜੋਕੇ ਸਮੇਂ ਵਿਚ ਨਫ਼ਰਤ ਅਤੇ ਈਰਖਾ ਇੰਨੀ ਵੱਧ ਚੁੱਕੀ ਹੈ ਕਿ ਹਰ ਸ਼ਬਦ ਅਤੇ ਉਸ ਨਾਲ ਜੁੜਿਆ ਹਰ ਅਰਥ ਪੱਖਪਾਤੀ ਹੋ ਗਿਆ ਹੈ। ਸ਼ਬਦਾਂ ਦੀ ਸਥਿਤੀ ਇਹ ਹੋ ਗਈ ਹੈ ਕਿ ਉਹ ਆਪਣੇ ਅਸਲ ਅਰਥ ਗੁਆ ਕੇ ਨਿਰਦੋਸ਼ ਅਤੇ ਗੁੰਮ ਸੁੰਮ ਅਵਸਥਾ ਵਿਚ ਖੜੇ ਨਜ਼ਰ ਆ ਰਹੇ ਹਨ।

"ਗੁੰਮ ਸੁੰਮ ਸ਼ਬਦ ਤਲਾਸ਼ ਰਿਹੈ ਆਪਣੀਆਂ ਜੜ੍ਹਾਂ
ਕੋਈ ਉੱਘ ਸੁੱਘ ਨਹੀਂ ਕਿਤੇ ਅਰਥਾਂ ਦੀ ਤਾਂ"

ਉਨ੍ਹਾਂ ਨੂੰ ਉਡੀਕ ਹੈ ਅਰਥਾਂ ਦੀ ਉਸ ਆਦਿ ਅਵਸਥਾ ਦੀ ਜੋ ਪਾਣੀ ਦੇ ਹਿਲੋਰਿਆਂ, ਹਵਾਵਾਂ ਦੀ ਰੁਮਕਣ ਅਤੇ ਫੁੱਲਾਂ ਦੀਆਂ ਮਹਿਕਾਂ ਵਾਂਗ ਆਪਣੇ ਆਦਿ ਰੂਪ ਵਿਚ ਹੋਣ। ਜਿਥੇ ਸ਼ਬਦ ਅਤੇ ਅਰਥ ਵਿਚਕਾਰ ਕੋਈ ਵਿੱਥ ਨਾ ਹੋਵੇ। ਕਵੀ ਇਸ ਗਲੋਂ ਪੂਰੀ ਤਰ੍ਹਾਂ ਚੇਤਨ ਹੈ ਕਿ ਅਸੀਂ ਸ਼ਬਦਾਂ ਦੇ ਸਿਰਜੇ ਸੰਸਾਰ ਅੰਦਰ ਹੀ ਵਿਚਰਦੇ ਹਾਂ ਪਰ ਫਿਰ ਵੀ ਆਪਣੀ ਸੋਚਾਂ ਦੀ ਉਡਾਰੀ ਵਿਚ ਉਹ ਸ਼ਬਦਾਂ ਤੋਂ ਦੂਰ ਜਾਕੇ ਜੀਉਣ ਦੇ ਅਹਿਸਾਸ ਨੂੰ ਉਲੀਕਣਾ ਚਾਹੁੰਦਾ ਹੈ:

"ਹੋ ਜਾਵਾਂਗੇ ਮੈਂ ਦੂਰ ਮੈਂ ਤੋਂ
ਆਪਣੇ ਆਪ ਤੋਂ ਅਜਨਬੀ
ਦੂਜਿਆਂ ਦਾ ਕੀ ਹੋਊ…?
ਕੋਈ ਥਹੁ ਪਤਾ ਨਹੀਂ
…
ਬੜੀ ਖ਼ਤਰਨਾਕ ਹੋਵੇਗੀ
ਸਥਿਤੀ…ਸ਼ਬਦਹੀਣ…!"

ਸ਼ਬਦਾਂ ਦੀ ਅਹਿਮੀਅਤ ਨੂੰ ਕਬੂਲ ਕਰਦਾ ਉਹ ਇਸਦੀਆਂ ਸੀਮਾਵਾਂ ਵੱਲ ਵੀ ਸੰਕੇਤ ਕਰਦਾ ਹੈ। ਸ਼ਬਦ ਮਨੁੱਖ ਦੇ ਸਦੀਵੀ ਅਤੇ ਕੁਦਰਤੀ ਭਾਵਾਂ ਨੂੰ ਮੁਕੰਮਲ ਤੌਰ 'ਤੇ ਤਬਦੀਲ ਨਹੀਂ ਕਰ ਸਕਦੇ। ਉਨ੍ਹਾਂ ਦੀ ਥਾਂ ਨਹੀਂ ਲੈ ਸਕਦੇ। ਜੀਵਨ

ਦੇ ਕੁਝ ਅਜਿਹੇ ਸਰੋਕਾਰ ਹਨ ਜਿਨ੍ਹਾਂ ਲਈ ਹਾਲੇ ਵੀ ਸ਼ਬਦਾਂ ਦੀ ਕੋਈ ਲੋੜ ਨਹੀਂ ਹੈ ਜਾਂ ਸ਼ਬਦ ਉਨ੍ਹਾਂ ਸਾਹਮਣੇ ਨਿਗੂਣੇ ਜਾਪਦੇ ਨੇ:

"ਪੀਲੱਤਣੋਂ ਪਾਰ ਸ਼ਬਦ ਸਿਮਰਨ ਹਰਿਆਲੀ
ਨਹੀਂ ਕਰ ਸਕਦੇ ਪਰ ਮੁੜ ਬਿਰਖਾਂ ਨੂੰ ਹਰੇ
ਲਿਜਾ ਨਹੀਂ ਸਕਦੇ ਮੌਤੋਂ ਪਰ੍ਹੇ ਬਜ਼ੁਰਗਾਂ ਨੂੰ
ਭਰ ਨਹੀਂ ਸਕਦੇ ਬੱਚਿਆਂ ਲਈ ਥਣਾਂ 'ਚ ਦੁੱਧ

…
ਸ਼ਬਦ ਕਿਸੇ ਦੀ ਥਾਂ ਨਹੀਂ ਲੈਂਦੇ
ਬਣਾਉਂਦੇ ਨੇ ਥਾਂ ਨਿਥਾਵਿਆਂ ਲਈ
ਦਰਅਸਲ…"

ਸ਼ਬਦ ਭਾਵੇਂ ਆਪਣੀਆਂ ਸੀਮਾਵਾਂ ਅੰਦਰ ਹੀ ਵਿਚਰਦੇ ਨੇ ਅਤੇ ਅਰਥ ਸੰਚਾਰ ਕਰਦੇ ਨੇ ਪਰ ਫਿਰ ਵੀ ਜਿਸ ਸ਼ਕਤੀ ਅਤੇ ਸਮਰਥਾ ਨਾਲ ਉਹ 'ਨਿਥਾਵਿਆਂ' ਅਹਿਸਾਸਾਂ ਦੀ ਗੱਲ ਕਰ ਸਕਦੇ ਨੇ ਉਸ ਦਾ ਬਦਲ ਵੀ ਕੋਈ ਨਹੀਂ ਹੈ। ਸ਼ਬਦਾਂ ਅਤੇ ਅਰਥਾਂ ਦੇ ਆਪਸੀ ਰਿਸ਼ਤੇ ਦੀ ਜਟਿੱਲਤਾ ਨੂੰ ਮਨਮੋਹਨ ਨੇ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਤੇ ਉਸਦੇ ਹਰ ਪਹਿਲੂ ਨੂੰ ਪਕੜਨ ਦੀ ਕੋਸ਼ਿਸ਼ ਵੀ ਕੀਤੀ ਹੈ। ਭਾਵੇਂ ਉਹ ਸ਼ਬਦਾਂ ਤੇ ਅਰਥਾਂ ਤੋਂ ਮੁਕਤ ਸਥਿਤੀ ਦੀ ਕਲਪਨਾ ਹੋਏ ਜਾਂ ਫਿਰ ਇਸਦੇ ਸਿਰਜੇ ਹੋਏ ਸੰਸਾਰ ਦੀ। ਇਸੇ ਤਰ੍ਹਾਂ ਦੇ ਅਹਿਸਾਸ ਅੰਦਰ ਉਹ ਬਿਨਾਂ ਅਰਥਾਂ ਦੇ ਸ਼ਬਦਾਂ ਦੀ ਸੰਚਾਰਹੀਣਤਾ ਨੂੰ ਮਹਿਸੂਸ ਕਰਦਾ ਹੋਇਆ ਬਹੁਤ ਹੀ ਕੁਦਰਤੀ ਅਤੇ ਸਹਿਜ ਸਿਰਜਣਾ ਵਾਲੇ ਸ਼ਬਦ-ਅਰਥਾਂ ਦੀ ਗੱਲ ਕਰਦਾ ਹੈ। ਅਜਿਹੇ ਸ਼ਬਦ ਜੋ ਇਸ ਪ੍ਰਕਿਰਤੀ ਦੇ ਮੁੱਢਲੇ ਬੋਲਾਂ ਦੇ ਨੇੜੇ ਹੋਣ। ਬਿਨਾਂ ਬੋਲੇ ਸਿਰਫ ਕੁਦਰਤ ਦੇ ਵਰਤਾਰੇ ਨੂੰ ਵੇਖਕੇ ਅਤੇ ਮਹਿਸੂਸ ਕਰਕੇ ਹੀ ਸੰਚਾਰ ਦੀ ਅਵਸਥਾ ਹਾਸਲ ਕਰ ਲੈਣ।

"ਸਭੌਕੀ ਲੈਨਾ ਜੋ ਦੇਖ
ਮਿੱਟੀ 'ਚ ਨਹਾਉਂਦੀਆਂ ਚਿੜੀਆਂ
ਮਨ ਕਹੇ…ਅੱਜ ਮੌਸਮ ਰਹੇਗਾ ਖੁਸ਼ਗਵਾਰ
ਪਏਗਾ ਮੀਂਹ, ਮਿਲਾਂਗੇ ਮਿੱਤਰਾਂ ਨੂੰ, ਪਾਵਾਂਗੇ ਖ਼ੌਰੂ"

ਪੰਛੀਆਂ ਦੀਆਂ ਕਲੋਲਾਂ ਜਿਹੀ ਕੋਮਲ ਅਹਿਸਾਸ ਵਾਲੀ ਭਾਸ਼ਾ ਕਿਸੇ ਵੀ ਬੇਅਰਥ ਵਿਸਤਾਰ ਤੋਂ ਮੁਕਤ ਹੈ। ਕਿਸੇ ਵੀ ਪੱਖਪਾਤ ਤੋਂ ਮੁਕਤ ਹੈ। ਕਵੀ ਸ਼ਬਦਾਂ ਦੇ ਅਰਥਾਂ ਨੂੰ ਕੁਦਰਤੀ ਸਹਿਜਤਾ ਵਿਚ ਵਿਸਤਾਰ ਦੇਣ ਦੀ ਗੱਲ ਕਰਦਾ ਹੈ। ਜਿਸ ਵਿਚ ਇਨਸਾਨ ਦੇ ਸਿਰਫ ਲੋੜੀਂਦੇ ਜਜ਼ਬਿਆਂ ਦੀ ਪੂਰਤੀ ਅਤੇ ਤ੍ਰਿਪਤੀ ਹੁੰਦੀ ਹੋਵੇ। ਇਸੇ ਕਵਿਤਾ ਵਿਚ ਪਿਆਰ ਅਤੇ ਸੁੰਦਰਤਾ ਵਿਚਲਾ ਸੁਹਜਤਾ ਦਾ ਪ੍ਰਗਟਾਵਾ ਵੀ ਨਵੇਂ ਬਿੰਬ ਸਿਰਜਦਾ ਹੈ:

"ਘੁੱਗੀ ਦੀ ਧੜਕਦੀ ਹਿੱਕ ਦੀ ਚਮਕ
ਦਿਵਾ ਜਾਵੇ ਯਾਦ
ਫ਼ਰਕਦੇ ਤੇਰੇ ਬੁੱਲ੍ਹਾਂ ਦੀ ਲੂੰ, ਵੱਖੀ ਦੀ ਲਿਸ਼ਕ"

ਇਸ ਤਰ੍ਹਾਂ ਪੰਛੀਆਂ ਜਾਂ ਚਿੜੀਆਂ ਦੀ ਦੁਨੀਆ ਨੂੰ ਆਪਣੇ ਜੀਵਨ ਦੇ ਅਹਿਸਾਸਾਂ ਸਾਹਮਣੇ ਰੱਖ ਕੇ ਉਸਦੇ ਮਨ ਵਿਚ ਵਧੇਰੇ ਅਰਥਪੂਰਣ ਪ੍ਰਾਪਤੀ ਦੀ ਭਾਵਨਾ ਪੈਦਾ ਹੋ ਰਹੀ ਹੈ:

"ਦੇਖ ਲੈ
ਆਪੂੰ ਸਿਰਜੇ ਚਿੜੀਆ ਘਰ 'ਚ
ਭੁਲਦਿਆਂ ਬੰਦਿਆਂ ਦੀ ਭਾਸ਼ਾ

ਕਿੰਨਾ ਆ ਗਿਆ ਮੈਂ, ਤੇਰੇ ਕੋਲ…ਆਪਣੇ ਵੀ"
ਕਾਵਿ ਸਿਰਜਣਾ ਦੇ ਜਿਸ ਦੌਰ ਵਿਚ ਜਿਨ੍ਹਾਂ ਪਲਾਂ ਦੇ ਅਹਿਸਾਸ ਨੂੰ ਪਕੜਨ ਦੀ ਕੋਸ਼ਿਸ਼ ਹੈ ਉਸ ਪਿੱਛੇ ਕਵੀ ਦੇ ਮਨ ਵਿਚ ਪੈਦਾ ਹੋਏ ਉਮਰ ਦੇ ਅਹਿਸਾਸ ਦਾ ਪ੍ਰਗਟਾਵਾ ਵੀ ਹੈ ਕਿਉਂਕਿ ਉਹ ਖ਼ੁਦ ਵੀ ਚੇਤਨ ਹੋਕੇ ਇਸ ਗੱਲ ਨੂੰ ਕਬੂਲ ਕਰ ਰਿਹਾ ਹੈ:

"ਪੰਜਤਾਲੀਆਂ ਦੀ ਉਮਰੇ
ਅੱਧਿਓਂ ਵੱਧ ਪੰਧ ਤੈਅ ਕਰਨ ਬਾਅਦ
ਜਾਣੀਆਂ ਪਹਿਚਾਣੀਆਂ ਆਵਾਜ਼ਾਂ ਵੀ
ਲਗਦੀਆਂ ਨੇ ਓਪਰੀਆਂ"

ਉਮਰ ਦੇ ਅੱਧ ਤੋਂ ਵੱਧ ਪੈਂਡੇ ਨੂੰ ਪਾਰ ਕਰਨ ਤੋਂ ਬਾਅਦ ਉਹ ਆਪਣੇ ਜੀਵਨ ਪੰਧ 'ਤੇ ਚਲਦੇ ਗੁਜ਼ਾਰੇ ਚੰਗੇ-ਮਾੜੇ ਵਕਤ ਦੀ ਯਾਦ ਕਰਦਾ ਹੋਇਆ, ਸਭ ਕਾਸੇ ਨੂੰ ਬੇਅਰਥ ਜਿਹਾ ਮਹਿਸੂਸ ਕਰਦਾ ਹੈ। ਆਸ ਪਾਸ ਵਾਪਰ ਰਹੀ ਹਰ ਘਟਨਾ ਜਾਂ ਹਰ ਅਹਿਸਾਸ ਬੇਵਜ੍ਹਾ ਜਾਪਦਾ ਹੈ। ਪਰ ਫਿਰ ਵੀ ਇਸ ਗਲ ਦੀ ਭਰਪੂਰ ਚੇਤਨਾ ਨਜ਼ਰ ਆਉਂਦੀ ਹੈ ਕਿ ਹੁਣ ਤਕ ਵਾਪਰਿਆ ਕੁਝ ਵੀ ਵਿੱਸਰਿਆ ਨਹੀਂ ਸਗੋਂ ਨਿਰੰਤਰ ਧੁਰ ਅੰਦਰ ਯਾਦਾਂ ਦਾ ਹਿੱਸਾ ਬਣਦਾ ਜਾ ਰਿਹਾ ਹੈ।

"ਹੁਣ ਤਾਂ
ਹੋ ਚੁੱਕੈ ਸ਼ੁਰੂ ਪੱਤਿਆਂ ਦਾ ਝੜਨਾ
ਆਪੂੰ ਸਿਰਜੇ ਭਰਮਾਂ ਦਾ ਟੁੱਟਣਾ
…
ਸੈਲਾਬ ਜਾਂ ਜ਼ਲਜ਼ਲੇ 'ਚ ਕਿਸੇ
ਹੋਈ ਜਾਈਏ ਜੇ ਗ਼ਰਕ
ਤੂੰ ਤੇ ਮੈਂ

ਮਿਲਣਗੇ ਸਹੰਸਰਾਂ ਬਾਅਦ
ਮਾਨਵ ਵਿਗਿਆਨੀਆਂ ਨੂੰ
ਹੱਥਾਂ 'ਚ ਹੱਥ ਫੜ੍ਹੀ
ਸਾਡੇ ਪਿੰਜਰਾਂ ਦੇ ਫਾਸਿਲਜ਼"

ਪਰ ਕੁਝ ਅਹਿਸਾਸ ਅਜਿਹੇ ਵੀ ਨੇ ਜੋ 'ਤੂੰ ਤੇ ਮੈਂ' ਦੀ ਪਰਿਭਾਸ਼ਾ ਵਿਚ ਰਹਿੰਦਿਆਂ ਹੋਇਆਂ ਵੀ ਬੇਅਰਥ ਨਹੀਂ ਰਹਿਣਾ ਚਾਹੁੰਦੇ। ਸਗੋਂ ਸਮਾਂ ਗੁਜ਼ਰਨ ਦੇ ਅਹਿਸਾਸ ਦੇ ਨਾਲ ਨਾਲ ਕਿਸੇ ਇਕ ਅਣ-ਪਰਿਭਾਸ਼ਤ ਰਿਸ਼ਤੇ ਦੇ ਨਿਭਾ ਦੀ ਖ਼ੁਆਇਸ਼ ਵੀ ਨਜ਼ਰ ਆਉਂਦੀ ਹੈ। ਪਿਆਰ ਇਕ ਅਜਿਹਾ ਕੁਦਰਤੀ ਵਰਤਾਰਾ ਹੈ ਜੋ ਘੱਟੋ ਘੱਟ ਕਵਿਤਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਆਪੇ ਪ੍ਰਵੇਸ਼ ਕਰ ਜਾਂਦਾ ਹੈ। ਕਵਿਤਾ ਅੰਦਰ ਲੁਕਿਆ ਹੋਇਆ ਇਹ ਜਜ਼ਬਾ ਕਬੂਲ ਕੀਤੇ ਬਿਨਾਂ ਵੀ ਆਪਣੀ ਨਿਸ਼ਾਨਦੇਹੀ ਕਰ ਦਿੰਦਾ ਹੈ ਹਾਲਾਂਕਿ ਕਵੀ ਨੇ ਇਸ ਗੱਲ ਨੂੰ ਬਹੁਤ ਮਾਣ ਨਾਲ ਸਵੀਕਾਰ ਵੀ ਕੀਤਾ ਹੈ:

"ਜੇ ਤੂੰ ਨਾ ਹੁੰਦੀ
ਸ਼ਬਦ ਜੋ ਮੈਂ ਲਿਖਦਾ
ਬਦਲ ਜਾਂਦੇ ਅਸਪਸ਼ਟ ਨਕਸ਼ਾਂ
ਧੱਬਿਆਂ 'ਚ

ਤੇਰੀ ਰੌਸ਼ਨਾਈ ਨਾਲ
ਤੇਰੀ ਰੌਸ਼ਨੀ 'ਚ
ਮੈਂ ਪੜ੍ਹ ਸਕਾਂ
ਆਪਣੀ ਲਿਖਤ"

ਇਨ੍ਹਾਂ ਤੋਂ ਇਲਾਵਾ ਡਾ. ਮਨਮੋਹਨ ਦੀ ਕਵਿਤਾ ਦੀ ਆਪਣੀ ਇਕ ਸਮਾਜਿਕ ਪ੍ਰਤੀਬੱਧਤਾ ਵੀ ਹੈ। ਇਸ ਕਾਵਿ ਸੰਗ੍ਰਹਿ ਵਿਚ ਉਸਦਾ ਸੁਰ ਭਾਵੇਂ ਸਿੱਧਾ ਉਨ੍ਹਾਂ ਸਰੋਕਾਰਾਂ ਨਾਲ ਨਹੀਂ ਜੁੜਦਾ ਪਰ ਫਿਰ ਵੀ ਬਹੁਤ ਗਹਿਰੇ ਕੀਤੇ ਜਾਕੇ ਉਸਦੀ ਕਾਵਿ-ਸੰਵੇਦਨਾ ਮਾਨਵ ਸਿਰਜਤ ਸਮਾਜ ਦੇ ਅਵਚੇਤਨ ਨੂੰ ਫਰੋਲਦੀ ਹੈ ਤੇ ਇਸ ਤਰ੍ਹਾਂ ਆਪਣੀ ਸਮਾਜਿਕ ਪ੍ਰਤਿਬੱਧਤਾ ਨੂੰ ਵੀ ਪੂਰਾ ਕਰਦੀ ਹੈ। ਸਮਾਜ ਵਿਚਲੇ ਸ਼ੋਸ਼ਣਕਾਰੀ ਵਾਤਾਵਰਣ ਬਾਰੇ ਉਸਦੀ ਸੂਝ ਅਤੇ ਉਸਦਾ ਪ੍ਰਤੀਉੱਤਰ ਸਪਾਟ ਜਾਂ ਸਿੱਧਾ ਨਹੀਂ ਹੈ। ਉਸਦੀ ਕਵਿਤਾ ਇਸਦੇ ਮੂਲ ਵਿਚ ਝਾਕਣ ਦੀ ਕੋਸ਼ਿਸ਼ ਕਰਦੀ ਹੈ। ਇਨਸਾਨ ਦੇ ਕਿਰਦਾਰ ਦੀ ਬਣਤਰ ਦੇ ਅੰਦਰ ਉਹ ਬੇਇਨਸਾਫੀ ਖ਼ਿਲਾਫ਼ ਲੜਨ ਦੀ ਚੇਤਨਾ ਦੀ ਪਛਾਣ ਕਰਦਾ ਹੈ। ਇਸਦਾ ਸਮਾਨਾਂਤਰ ਉਹ ਹੋਰਨਾਂ ਕੁਦਰਤੀ ਸ਼ੈਆਂ ਵਿਚ ਤਲਾਸ਼ਦਾ ਹੈ:

"ਲੋਹਾ ਖਣਿਜ ਰੂਪ 'ਚ ਹੀ ਲੈਂਦਾ ਧਾਰ
ਲੜਨਾ ਭਿੜਨਾ ਹੀ ਹੋਣੀ ਉਸਦੀ
ਭਾਵੇਂ ਹੋਵੇ ਕੋਈ
ਮਸ਼ੀਨ, ਹਥਿਆਰ, ਔਜ਼ਾਰ
ਜਾਂ ਕਲਮ ਦੀ ਨੋਕ
ਬਿਨ ਲੜਿਆਂ ਨਹੀਂ ਕਿਤੇ ਢੋਅ
ਦਰਕਾਰ ਏ ਬੰਦੇ ਲਈ ਵੀ
ਲੱਕੜ, ਕੋਲ਼ੇ, ਲੋਹੇ ਜਿਹਾ ਕਿਰਦਾਰ"

ਇਸੇ ਤਰ੍ਹਾਂ ਦੀ ਡੂੰਘੀ ਸਮਾਜਿਕ ਚੇਤਨਾ ਵਿਚੋਂ ਫਿਰ ਉਸਦੀ 'ਨੀਲਕੰਠ' ਵਰਗੀ ਪ੍ਰਮੁੱਖ ਕਵਿਤਾ ਵੀ ਜਨਮ ਲੈਂਦੀ ਜਾਪਦੀ ਹੈ। 'ਨੀਲਕੰਠ' ਸ਼ਿਵ ਦਾ ਇਕ ਪੌਰਾਣਿਕ ਨਾਂ ਹੈ ਅਤੇ ਇਸ ਨਾਂ ਦੇ ਪਿਛੇ ਪੂਰਾ ਇਕ ਮਿਥਿਹਾਸ ਪਿਆ ਹੈ। ਡਾ. ਮਨਮੋਹਨ ਨੇ ਇਸ ਬਿੰਬ ਦੀ ਵਰਤੋਂ ਇਕ ਮਨੁੱਖ ਅੰਦਰ ਪੈਦਾ ਹੋਣ ਵਾਲੀ ਚੇਤਨਤਾ ਦੀ ਪੇਸ਼ਕਾਰੀ ਲਈ ਕੀਤੀ ਹੈ। ਜਿਵੇਂ ਕਿ:

"ਸੁਤਿੱਆਂ ਕੋਈ ਨਾਗ ਡੰਗਦਾ
ਮੱਥੇ 'ਚ ਮੋਰੀ ਹੁਮਦਿ
ਜ਼ਹਿਰ ਰਗ਼ਾਂ ਰਾਹੀਂ
ਪੈਰਾਂ ਤੋਂ ਨੌਹਾਂ ਤੱਕ ਪਹੁੰਚਦਾ
…"

ਸ਼ਿਵ ਦੇ ਤੀਸਰੇ ਨੇਤਰ ਅਰਥਾਤ ਗਿਆਨ ਦੀ ਦ੍ਰਿਸ਼ਟੀ ਵਾਂਗ ਜਦ ਸ਼ੋਸ਼ਣਕਾਰੀ ਵਿਵਸਥਾ ਵਿਚ ਵਿਰਦਿਆਂ ਜਦ ਕਿਸੇ ਇਨਸਾਨ ਦੀ ਚੇਤਨਾ ਜਾਗਦੀ ਹੈ ਤਾਂ ਉਸਨੂੰ ਖ਼ੁਦ ਸ਼ਿਵ ਬਣਨਾ ਪੈਂਦਾ ਹੈ। ਨਫ਼ਰਤ ਦੀ ਜ਼ਹਿਰ ਜਦ ਸਾਰੇ ਵਾਤਾਵਰਣ ਵਿਚ ਫੈਲ ਚੁੱਕੀ ਹੋਵੇ ਤਾਂ ਉਸਨੂੰ ਪੀਣ ਦਾ ਸੰਦੇਸ਼ ਸ਼ਿਵ ਹੀ ਦੇ ਸਕਦਾ ਹੈ ਜਿਸਦਾ ਆਪਣਾ ਕੰਠ ਅਤੇ ਸ਼ਰੀਰ ਜ਼ਹਿਰ ਦੇ ਨਾਲ ਨੀਲਾ ਹੋ ਗਿਆ ਸੀ। ਆਪਣੇ ਵੇਲੇ ਤਾਂ ਸ਼ਿਵ ਨੇ ਖ਼ੁਦ ਜ਼ਹਿਰ ਪੀਕੇ ਲੋਕਾਈ ਨੂੰ ਭਾਗੀਰਥੀ ਵਰਗੀ ਅੰਮ੍ਰਿਤ ਧਾਰਾ ਪ੍ਰਦਾਨ ਕੀਤੀ। ਇਸੇ ਤਰ੍ਹਾਂ ਜ਼ਹਿਰ ਭਰੇ ਹਰ ਦੌਰ ਵਿਚ ਕਿਸੇ ਨਾ ਕਿਸੇ ਨੂੰ ਸ਼ਿਵ ਵਾਂਗ 'ਨੀਲਕੰਠ' ਦੀ ਅਵਸਥਾ ਹਾਸਲ ਕਰਨੀ ਪਏਗੀ। ਜਿਵੇਂ ਕਿ:

"ਜੇ ਸਾਗਰ ਰਿੜਕਣੈ

ਤਾਂ ਰਹਿਣਾ ਪੈਣਾ ਨਾਗਲੋਕ 'ਚ
…
ਸੁੱਤਿਆਂ ਤੈਨੂੰ ਜੇ ਨਾਗ ਡੰਗਦੈ
ਤਾਂ ਚੱਲ ਉਥੇ ਚੱਲੀਏ
ਜਿਥੇ ਨਾ ਕੋਈ ਸ਼ਿਵ ਹੈ ਨਾ ਪਾਰਵਤੀ
ਉਥੇ ਸਿਰਫ਼ ਜ਼ਹਿਰ ਹੁੰਦੈ
ਜੋ ਤੈਨੂੰ ਪੀਣਾ ਪਵੇਗਾ ਅੰਮ੍ਰਿਤ ਵਾਂਗ
ਫਿਰ ਉਦੈ ਹੋਵੇਗਾ ਤੇਰੇ 'ਚੋਂ…ਨੀਲਕੰਠ"

ਸਾਗਰ ਵਿਚੋਂ ਅੰਮ੍ਰਿਤ ਮੰਥਨ ਲਈ ਜ਼ਹਿਰ ਦੇ ਮਾਲਕਾਂ ਦੇ ਲੋਕ, ਨਾਗਲੋਕ ਵਿਚ ਸ਼ੇਸ਼ਨਾਗ ਕੋਲ ਰਹਿਣਾ ਵੀ ਜ਼ਰੂਰੀ ਹੈ। ਇਸ ਜ਼ਹਿਰ ਨੂੰ ਅੰਮ੍ਰਿਤ ਵਾਂਗ ਪੀਕੇ ਹੀ 'ਨੀਲਕੰਠ' ਦਾ ਉਦੈ ਹੋ ਸਕਦਾ ਹੈ। ਡਾ. ਮਨਮੋਹਨ ਨੇ ਸ਼ਿਵ ਦੀ 'ਨੀਲਕੰਠ' ਵਾਲੀ ਇਸ ਪੌਰਾਣਿਕ ਕਥਾ ਨੂੰ ਅਜੋਕੇ ਸਮੇਂ ਵਿਚਲੀ ਜ਼ਹਿਰ ਭਰੀ ਸਮਾਜਿਕ ਨਾਬਰਾਬਰੀ ਦੇ ਸੰਦਰਭ ਵਿਚ ਬਹੁਤ ਹੀ ਸ਼ਕਤੀਸ਼ਾਲੀ ਬਿੰਬ ਵਾਂਗ ਪੇਸ਼ ਕੀਤਾ ਹੈ। ਉਹ ਮਸਲੇ ਨੂੰ ਨਿਰੋਲ ਰਾਜਨੀਤਕ ਦ੍ਰਿਸਟੀਕਣ ਤਕ ਹੀ ਸੀਮਤ ਨਹੀਂ ਰਖਣਾ ਚਾਹੁੰਦਾ ਸਗੋਂ ਉਸਦੇ ਹੋਰਨਾਂ ਪਸਾਰਾਂ ਦੀ ਤਲਾਸ਼ ਵੀ ਕਰਦਾ ਹੈ ਅਤੇ ਇਸਨੂੰ ਇਕ ਵੱਖਰੇ ਦਾਰਸ਼ਨਿਕ ਨੁਕਤੇ ਤੋਂ ਪੇਸ਼ ਕਰਦਾ ਹੈ। ਉਸਦੀ ਕਵਿਤਾ ਚੇਤਨਤਾ ਦੇ ਜਾਗਣ ਨੂੰ ਅਹਿਮੀਅਤ ਦਿੰਦੀ ਨਜ਼ਰ ਆਉਂਦੀ ਹੈ।

ਡਾ. ਮਨਮੋਹਨ ਨੇ ਆਪਣੇ ਇਸ ਕਾਵਿ-ਸੰਗ੍ਰਹਿ ਵਿਚ ਹੋਰ ਵੀ ਕਈ ਨਵੇਕਲੇ ਜੀਵਨ ਸੰਦਰਭਾਂ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਨਿੱਜੀ ਜੀਵਨ ਅਨੁਭਵਾਂ ਤੋਂ ਲੈਕੇ ਸਮਕਾਲੀ ਸਮਾਜਕ ਤੇ ਰਾਜਨੀਤਕ ਮਸਲੇ ਵੀ ਉਸਦੀ ਕਵਿਤਾ ਵਿਚ ਨਵੇਂ ਅਰਥ ਗ੍ਰਹਿਣ ਕਰਦੇ ਪ੍ਰਤੀਤ ਹੁੰਦੇ ਹਨ। 'ਨੀਲਕੰਠ' ਕਾਵਿ-ਸੰਗ੍ਰਹਿ ਯਕੀਨਨ ਇਕ ਗੰਭੀਰ ਕਿਸਮ ਦੀ ਕਾਵਿ-ਸਿਰਜਣਾ ਹੈ ਅਤੇ ਇਸੇ ਲਈ ਇਹ ਗੰਭੀਰ ਪਾਠ ਅਤੇ ਅਧਿਐਨ ਦੀ ਮੰਗ ਵੀ ਕਰਦਾ ਹੈ।